ਭਗਤ ਬੇਣੀ - ਸਬਦ ੨

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥

ਰਾਗੁ ਰਾਮਕਲੀ, ਭਗਤ ਬੇਣੀ, ਗੁਰੂ ਗ੍ਰੰਥ ਸਾਹਿਬ, ੯੭੪

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥

ਸੰਤਹੁ ਤਹਾ ਨਿਰੰਜਨ ਰਾਮੁ ਹੈ ॥

ਗੁਰ ਗਮਿ ਚੀਨੈ ਬਿਰਲਾ ਕੋਇ ॥

ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥

ਦੇਵ ਸਥਾਨੈ ਕਿਆ ਨੀਸਾਣੀ ॥

ਤਹ ਬਾਜੇ ਸਬਦ ਅਨਾਹਦ ਬਾਣੀ ॥

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥

ਸਾਖੀ ਜਾਗੀ ਗੁਰਮੁਖਿ ਜਾਣੀ ॥੨॥

ਉਪਜੈ ਗਿਆਨੁ ਦੁਰਮਤਿ ਛੀਜੈ ॥

ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥

ਏਸੁ ਕਲਾ ਜੋ ਜਾਣੈ ਭੇਉ ॥

ਭੇਟੈ ਤਾਸੁ ਪਰਮ ਗੁਰਦੇਉ ॥੩॥

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥

ਜਾਗਤੁ ਰਹੈ ਸੁ ਕਬਹੁ ਨ ਸੋਵੈ ॥

ਤੀਨਿ ਤਿਲੋਕ ਸਮਾਧਿ ਪਲੋਵੈ ॥

ਬੀਜ ਮੰਤ੍ਰੁ ਲੈ ਹਿਰਦੈ ਰਹੈ ॥

ਮਨੂਆ ਉਲਟਿ ਸੁੰਨ ਮਹਿ ਗਹੈ ॥੫॥

ਜਾਗਤੁ ਰਹੈ ਨ ਅਲੀਆ ਭਾਖੈ ॥

ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥

ਗੁਰ ਕੀ ਸਾਖੀ ਰਾਖੈ ਚੀਤਿ ॥

ਮਨੁ ਤਨੁ ਅਰਪੈ ਕਿ®ਸਨ ਪਰੀਤਿ ॥੬॥

ਕਰ ਪਲਵ ਸਾਖਾ ਬੀਚਾਰੇ ॥

ਅਪਨਾ ਜਨਮੁ ਨ ਜੂਐ ਹਾਰੇ ॥

ਅਸੁਰ ਨਦੀ ਕਾ ਬੰਧੈ ਮੂਲੁ ॥

ਪਛਿਮ ਫੇਰਿ ਚੜਾਵੈ ਸੂਰੁ ॥

ਅਜਰੁ ਜਰੈ ਸੁ ਨਿਝਰੁ ਝਰੈ ॥

ਜਗੰਨਾਥ ਸਿਉ ਗੋਸਟਿ ਕਰੈ ॥੭॥

ਚਉਮੁਖ ਦੀਵਾ ਜੋਤਿ ਦੁਆਰ ॥

ਪਲੂ ਅਨਤ ਮੂਲੁ ਬਿਚਕਾਰਿ ॥

ਸਰਬ ਕਲਾ ਲੇ ਆਪੇ ਰਹੈ ॥

ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥

ਮਸਤਕਿ ਪਦਮੁ ਦੁਆਲੈ ਮਣੀ ॥

ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥

ਪੰਚ ਸਬਦ ਨਿਰਮਾਇਲ ਬਾਜੇ ॥

ਢੁਲਕੇ ਚਵਰ ਸੰਖ ਘਨ ਗਾਜੇ ॥

ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥

ਬੇਣੀ ਜਾਚੈ ਤੇਰਾ ਨਾਮੁ ॥੯॥੧॥

ਸਾਰ: ਨੌਂ ਦੁਆਰ ਸਰੀਰ ਦੀਆਂ ਇੰਦ੍ਰੀਆਂ ਅਤੇ ਪ੍ਰਵਿਰਤੀਆਂ ਰਾਹੀਂ ਬਾਹਰ ਵੱਲ ਹੋਣ ਵਾਲੀ ਗਤੀ ਦੇ ਪ੍ਰਤੀਕ ਹਨ। ਇਹ ਇੰਦ੍ਰੀਆਂ ਨੂੰ ਦੇਖਣ, ਸੁਣਨ, ਚੱਖਣ, ਸੁੰਘਣ, ਬੋਲਣ ਅਤੇ ਸਰੀਰਕ ਅਨੁਭਵਾਂ ਵਿਚ ਰੁੱਝਾਈ ਰੱਖਦੀਆਂ ਹਨ। ਦਸਵਾਂ ਦੁਆਰ ਇਸ ਇੰਦ੍ਰੀ-ਕੇਂਦ੍ਰਿਤ ਵਿਖੰਡਤਾ ਤੋਂ ਪਰੇ ਜਾਗਰੂਕਤਾ ਵੱਲ ਇਕ ਗੰਭੀਰ ਮੋੜ ਦਾ ਪ੍ਰਤੀਕ ਹੈ। ਇਸ ਦਾ ਕਿਵਾੜ ਸੂਖਮ ਅੰਤਰੀਵੀ ਚੇਤਨਾ ਵੱਲ ਖੁਲ੍ਹਦਾ ਹੈ, ਜਿੱਥੇ ਰੁਪਾਂਤ੍ਰਣ

ਦੀ ਪ੍ਰਕਿਰਿਆ ਚੁੱਪਚਾਪ ਸ਼ੁਰੂ ਹੁੰਦੀ ਹੈ। ਇਸ ਅੰਤਰੀਵੀ ਖੇਤਰ ਵਿਚ ਇੜਾ, ਪਿੰਗਲਾ ਅਤੇ ਸੁਖਮਨਾ ਅੰਦਰੂਨੀ ਸੰਤੁਲਨ ਦੇ ਪ੍ਰਤੀਕ ਬਣ ਜਾਂਦੇ ਹਨ। ਇੜਾ ਚੇਤਨਾ ਅੰਦਰ ਪਾਲਣਹਾਰ, ਸਵੀਕਾਰਕ ਅਤੇ ਮਾਦਾ ਗੁਣਾਂ ਨੂੰ ਦਰਸਾਉਂਦੀ ਹੈ। ਪਿੰਗਲਾ ਚੇਤਨਾ ਅੰਦਰ ਗਤੀਸ਼ੀਲ, ਸਰਗਰਮ ਅਤੇ ਪੁਰਖ-ਸੁਭਾਵੀ ਗੁਣਾਂ ਨੂੰ ਦਰਸਾਉਂਦੀ ਹੈ। ਇਨ੍ਹਾਂ ਦੋਹਾਂ ਦਾ ਮਿਲਾਪ ਸੁਖਮਨਾ ਦਾ ਸਿਖਰ ਅਖਵਾਉਂਦਾ ਹੈ, ਜੋ ਸੰਤੁਲਿਤ ਅਤੇ ਸਮਰਸ ਏਕਤਾ ਦਾ ਕੇਂਦਰੀ ਮਾਰਗ ਹੈ। ਇਸ ਸੰਤੁਲਨ ਵਿਚ ਜਾਗਰੂਕਤਾ ਸੰਪੂਰਨ, ਨਿਰਮਲ ਅਤੇ ਆਪਣੇ ਆਪ ਨਾਲ ਵਧੇਰੇ ਗੰਭੀਰ ਰੂਪ ਵਿਚ ਜੁੜੀ ਹੋਈ ਬਣ ਜਾਂਦੀ ਹੈ।

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥

ਇੜਾ, ਪਿੰਗਲਾ, ਅਤੇ ਸੁਖਮਨਾ ਏਕਤਾ ਦੇ ਖੰਡ ਵਿਚਲੇ ਤਿੰਨ ਗੁਣ ਹਨ। ਇਸਦਾ ਅਰਥ ਹੈ ਇੜਾ, ਸਾਡੇ ਇਸਤਰੀ ਗੁਣਾਂ ਨੂੰ ਦਰਸਾਉਂਦੀ ਹੈ, ਅਤੇ ਪਿੰਗਲਾ, ਸਾਡੀਆਂ ਮਰਦਾਨਾ ਪ੍ਰਵਿਰਤੀਆਂ ਦੀ ਪ੍ਰਤੀਕ ਹੈ, ਸੁਖਮਨਾ ਅਵਸਥਾ ਵਿਚ, ਜਾਗਰੂਕਤਾ ਦਾ ਸੁਮੇਲ ਹੁੰਦਾ ਹੈ ਜੋ ਇਨ੍ਹਾਂ ਦੋਹਾਂ ਦੇ ਸਦਭਾਵਨਾਪੂਰਨ ਏਕੀਕਰਨ ਨੂੰ ਦਰਸਾਉਂਦੀ ਹੈ।

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥

ਦਰਿਆਵਾਂ ਦਾ ਸੰਗਮ ਪ੍ਰਯਾਗ ਵਿਖੇ ਹੁੰਦਾ ਹੈ, ਜਦੋਂ ਕਿ ਅੰਤਰੀਵੀ ਸੰਗਮ ਉਹ ਥਾਂ ਹੈ ਜਿੱਥੇ ਅੰਤਰ-ਆਤਮਾ ਇਸ਼ਨਾਨ ਕਰਦੀ ਹੈ। ਇਹ ਭਾਵ ਅੰਤਰੀਵੀ ਸਫ਼ਾਈ ਦਾ ਪ੍ਰਤੀਕ ਹੈ ਜਿਸ ਵਿਚ ਧਿਆਨ ਆਪਣੇ ਆਪ ਨੂੰ ਏਕਮ ਸਤਾ ਵਿਚ ਲੀਨ ਕਰ ਲੈਂਦਾ ਹੈ, ਵੰਡਾਂ ਤੋਂ ਨਿਰਮਲ ਹੋ ਜਾਂਦਾ ਹੈ। (੧)

ਸੰਤਹੁ ਤਹਾ ਨਿਰੰਜਨ ਰਾਮੁ ਹੈ ॥

ਹੇ ਪੂਜਨੀਯ ਜੀਵੋ, ਰੁਪਾਂਤ੍ਰਣ ਦੀ ਇਸ ਅਵਸਥਾ ਅੰਦਰ ਇਕ ਨਿਰਮਲ ਅਤੇ ਸਰਬ-ਵਿਆਪਕ ਹਾਜ਼ਰਤਾ ਦਾ ਵਾਸਾ ਹੈ। ਇਹ ਜਾਗਰੂਕਤਾ ਦੇ ਜਗਿਆਸੂਆਂ ਨੂੰ ਸੰਬੋਧਨ ਕਰਦੀ ਹੈ ਅਤੇ ਉਨ੍ਹਾਂ ਦੀ ਰਾਹਨੁਮਾਈ ਏਕਤਾ ਸੰਗਠਿਤ ਸੰਪੂਰਨਤਾ ਵੱਲ ਕਰਦੀ ਹੈ ਜੋ ਮਾਇਆ, ਭੇਦ-ਭਾਵ ਅਤੇ ਅਹੰਕਾਰ ਤੋਂ ਰਹਿਤ ਹੈ।

ਗੁਰ ਗਮਿ ਚੀਨੈ ਬਿਰਲਾ ਕੋਇ ॥

ਬਹੁਤ ਹੀ ਵਿਰਲੇ ਬਿਬੇਕ ਪ੍ਰਾਪਤ ਕਰਦੇ ਹਨ ਅਤੇ ਉਸ ਦੇ ਭੇਤ ਨੂੰ ਸਮਝਦੇ ਹਨ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਸੱਚਾ ਉੱਦਮ ਅਤੇ ਅਨੁਭੂਤੀ ਕੇਵਲ ਬਾਹਰੀ ਕਰਮਕਾਂਡਾਂ ਰਾਹੀਂ ਨਹੀਂ, ਸਗੋਂ ਗੂੜ੍ਹ ਅੰਤਰੀਵੀ ਚਿੰਤਨ ਅਤੇ ਆਤਮ-ਪੜਚੋਲ ਦੁਆਰਾ ਉਤਪੰਨ ਹੁੰਦੇ ਹਨ।

ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥

ਉਸ ਅਵਸਥਾ ਵਿਚ, ਨਿਰਾਕਾਰ ਹਾਜ਼ਰਤਾ ਪ੍ਰਬਲ ਹੁੰਦੀ ਹੈ। ਇਹ ਭਾਵ ਇਸ ਅਹਿਸਾਸ ਨੂੰ ਦ੍ਰਿੜ ਕਰਦਾ ਹੈ ਕਿ ਸਰਬ ਵਿਆਪਕ ਤੱਤ ਸਦੀਵੀ ਤੌਰ 'ਤੇ ਸਦਾ ਉਪਲਬਧ ਹੈ, ਸਿਰਫ਼ ਸਾਡੇ ਵੱਲੋਂ ਇਸ ਤੱਥ ਸਵਿਕਾਰਣ ਦੀ ਕਮੀ ਹੈ? (੧)(ਠਹਿਰਾਉ)

ਦੇਵ ਸਥਾਨੈ ਕਿਆ ਨੀਸਾਣੀ ॥

ਦਿਵਤਾ ਦੇ ਪਵਿੱਤਰ ਧਾਮ ਦੀ ਪਛਾਣ ਕਿਸ ਚਿੰਨ੍ਹ ਦੁਆਰਾ ਕੀਤੀ ਜਾ ਸਕਦੀ ਹੈ? ਇਹ ਪ੍ਰਸ਼ਨ ਸਾਨੂੰ ਉਸ ਸਰਬ-ਵਿਆਪਕ ਤੱਤ ਬਾਰੇ ਗੰਭੀਰ ਚਿੰਤਨ ਕਰਨ ਲਈ ਪ੍ਰੇਰਿਤ ਕਰਦਾ ਹੈ ਜੋ ਕੇਵਲ ਬਾਹਰੀ ਚਿੰਨ੍ਹਾਂ ਅਤੇ ਨਿਸ਼ਾਨੀਆਂ ਤੋਂ ਪਰੇ ਹੈ।

ਤਹ ਬਾਜੇ ਸਬਦ ਅਨਾਹਦ ਬਾਣੀ ॥

ਉਸ ਅਵਸਥਾ ਵਿਚ ਬਿਬੇਕ ਦੇ ਬਚਨ ਅਨਹਦ ਨਾਦ ਵਾਂਗ ਗੂੰਜਦੇ ਹਨ। ਇਹ ਭਾਵ ਸ਼ਾਂਤ ਅਤੇ ਸੰਤੁਲਿਤ ਅੰਤਰ-ਚੇਤਨਾ ਨੂੰ ਦਰਸਾਉਂਦਾ ਹੈ, ਜਿੱਥੇ ਸੱਚਾ ਬਿਬੇਕ ਬਾਹਰੀ ਸਿੱਖਿਆ ਜਾਂ ਮਾਰਗਦਰਸ਼ਨ ਤੋਂ ਉੱਪਰ ਉੱਠ ਕੇ ਧੁਰ ਅੰਦਰੋਂ ਪ੍ਰਗਟ ਹੁੰਦਾ ਹੈ।

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥

ਉੱਥੇ ਨਾ ਚੰਦ ਹੈ, ਨਾ ਸੂਰਜ, ਨਾ ਹਵਾ ਹੈ ਅਤੇ ਨਾ ਹੀ ਪਾਣੀ। ਇਹ ਭਾਵ ਉਸ ਅਵਸਥਾ ਦਾ ਪ੍ਰਤੀਕ ਹੈ ਜੋ ਪੰਜ ਤੱਤਾਂ ਅਤੇ ਇੰਦ੍ਰਿਆਵੀ ਅਨੁਭਵਾਂ ਦੀਆਂ ਸੀਮਾਵਾਂ ਤੋਂ ਪਰੇ ਹੈ, ਜਿੱਥੇ ਸਭ ਕੁਝ ਇਕੋ ਸਰਬ-ਵਿਆਪਕ ਤੱਤ ਵਿਚ ਇਕਰੂਪ ਹੋ ਜਾਂਦਾ ਹੈ।

ਸਾਖੀ ਜਾਗੀ ਗੁਰਮੁਖਿ ਜਾਣੀ ॥੨॥

ਅੰਤਰੀਵੀ ਗਵਾਹੀ ਜਾਗ੍ਰਿਤ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਅੰਤਰ ਦ੍ਰਿਸ਼ਟੀ ਦੀ ਸੂਝ ਪ੍ਰਗਟ ਕਰਦੀ ਹੈ ਜੋ ਬਿਬੇਕ ਦੇ ਰਸੀਏ ਹੁੰਦੇ ਹਨ। ਇਹ ਭਾਵ ਉਸ ਸੂਝ ਨੂੰ ਪੇਸ਼ ਕਰਦਾ ਹੈ ਜਿਸ ਵਿਚ ਸੱਚ ਨੂੰ ਕੇਵਲ ਇਕ ਵਿਸ਼ਵਾਸ ਦੇ ਤੌਰ ‘ਤੇ ਨਹੀਂ ਸਵਿਕਾਰ ਕੀਤਾ ਜਾਂਦਾ ਪਰੰਤੂ ਅਨੁਭਵ ਕਰ ਜਾਣਿਆ ਜਾਂਦਾ ਹੈ। (੨)

ਉਪਜੈ ਗਿਆਨੁ ਦੁਰਮਤਿ ਛੀਜੈ ॥

ਸੂਝਮਈ ਬਿਬੇਕ ਦਾ ਉਦਭਵ ਹੁੰਦਾ ਹੈ, ਅਤੇ ਮਾੜੀ ਸੋਚ ਬਿਨਸਨੀ ਸ਼ੁਰੂ ਹੋ ਜਾਂਦੀ ਹੈ। ਇਹ ਭਾਵ ਉਲਝਣ ਤੋਂ ਸਪਸ਼ਟਤਾ ਦੇ ਰੁਪਾਂਤ੍ਰਣ ਨੂੰ ਦਰਸਾਉਂਦਾ ਹੈ, ਜਿੱਥੇ ਹਉਮੈ-ਕੇਂਦਰਿਤ ਧਾਰਨਾ ਆਪਣੀ ਪਕੜ ਗੁਆ ਦਿੰਦੀ ਹੈ ਅਤੇ ਜਾਗ੍ਰਿਤੀ ਪ੍ਰਤੀ ਗ੍ਰਹਿਣਸ਼ੀਲ ਹੋ ਜਾਂਦੀ ਹੈ।

ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥

ਅੰਮ੍ਰਿਤ ਵਰਗਾ ਤੱਤਸਾਰ ਵਿਸ਼ਾਲ ਖਲਾਅ ਨੂੰ ਸਿੰਜਦਾ ਹੈ। ਇਹ ਭਾਵ ਇਕ ਅਜਿਹੀ ਜਾਗਰੂਕਤਾ ਦਾ ਪ੍ਰਤੀਕ ਹੈ ਜੋ ਵੰਡ ਤੋਂ ਪਰੇ ਹੈ, ਏਕਤਾ ਦੀ ਮਿਠਾਸ ਨਾਲ ਅੰਤਹਕਰਣ ਨੂੰ ਅਮੀਰ ਬਣਾਉਂਦੀ ਹੈ।

ਏਸੁ ਕਲਾ ਜੋ ਜਾਣੈ ਭੇਉ ॥

ਜੋ ਇਸ ਰਹੱਸ ਨੂੰ ਸਮਝਣ ਦੀ ਕਲਾ ਜਾਣਦੇ ਹਨ। ਇਹ ਭਾਵ ਨਿਮਰਤਾ ਅਤੇ ਖੁੱਲ੍ਹੇਪਣ ਦੇ ਗੁਣਾਂ ਨੂੰ ਦਰਸਾਉਂਦਾ ਹੈ, ਜਿਥੇ ਕੱਟੜ ਬੌਧਿਕਤਾ ਵਿਚ ਮੁਹਾਰਤ ਹਾਸਿਲ ਕਰਨ ਦੀ ਬਜਾਏ ਹੋਂਦ ਦੇ ਤੱਤਸਾਰ ਨੂੰ ਕਲਾਵੇ ਵਿਚ ਲਿਆ ਜਾਂਦਾ ਹੈ।

ਭੇਟੈ ਤਾਸੁ ਪਰਮ ਗੁਰਦੇਉ ॥੩॥

ਉਹ ਆਪਣੇ ਅੰਤਰੀਵੀ ਪਰਮ ਦੈਵੀ ਗਿਆਨ ਰੂਪੀ ਖਜ਼ਾਨੇ ਤੋਂ ਜਾਣੂ ਹੋ ਜਾਂਦੇ ਹਨ। ਇਹ ਭਾਵ ਸਾਡੇ ਅੰਤਹਕਰਣ ਅੰਦਰ ਵਸਦੀ ਚੇਤਨਾ ਦੇ ਸ਼ਕਤੀਸ਼ਾਲੀ ਸਰੋਤ ਦੀ ਪਛਾਣ ਅਤੇ ਪ੍ਰਵਾਨਗੀ ਨੂੰ ਦਰਸਾਉਂਦਾ ਹੈ। (੩)

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥

ਦਸਵੇਂ ਦੁਆਰ ਅੰਦਰ ਗੂੜ੍ਹ, ਅਸੀਮ ਅਤੇ ਸਰਬੋਤਮ ਤੱਤ ਦੀ ਪਵਿੱਤਰਤਾ ਦਾ ਨਿਵਾਸ ਹੈ। ਇਹ ਭਾਵ ਉਸ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਜੋ ਆਮ ਇੰਦਰੀਆਵੀ ਧਾਰਣਾਵਾਂ ਤੋਂ ਪਰੇ ਲੈ ਜਾਂਦਾ ਹੈ ਅਤੇ ਮਨੁੱਖ ਨੂੰ ਸਰਬਵਿਆਪੀ ਚੇਤਨਾ ਦੇ ਖੇਤਰ ਵਿਚ ਪ੍ਰਵੇਸ਼ ਕਰਨ ਦੀ ਸਮਰੱਥਾ ਬਖ਼ਸ਼ਦਾ ਹੈ।

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥

ਹੱਟੀ ਦੇ ਉੱਪਰ ਇੱਕ ਕੋਠੜੀ ਹੈ ਅਤੇ ਉਸ ਕੋਠੜੀ ਅੰਦਰ ਇਕ ਖ਼ਜ਼ਾਨਾ ਲੁਕਿਆ ਹੋਇਆ ਹੈ। ਇਹ ਭਾਵ ਅੰਤਰੀਵੀ ਖੋਜ ਦੀਆਂ ਪਰਤਾਂ ਦਾ ਪ੍ਰਤੀਕ ਹੈ, ਜਿਨ੍ਹਾਂ ਰਾਹੀਂ ਜੀਵਨ ਅੰਦਰ ਵੱਸਦੀ ਗੁਪਤ ਅਮੀਰਅਤ ਦਾ ਅਨੁਭਵ ਹੁੰਦਾ ਹੈ। (੪)

ਜਾਗਤੁ ਰਹੈ ਸੁ ਕਬਹੁ ਨ ਸੋਵੈ ॥

ਜੋ ਜਾਗਰੂਕਤਾ ਦੇ ਧਾਰਨੀ ਹੁੰਦੇ ਹਨ, ਉਨ੍ਹਾਂ ਨੂੰ ਕਦੇ ਵੀ ਨੀਂਦ ਨਹੀਂ ਵਿਆਪਦੀ। ਇਹ ਭਾਵ ਨਿਰੰਤਰ ਸੁਚੇਤਤਾ ਦੀ ਉਸ ਅਵਸਥਾ ਨੂੰ ਦਰਸਾਉਂਦਾ ਹੈ, ਜਿੱਥੇ ਚੇਤਨਾ, ਅਗਿਆਨਤਾ ਦੀ ਖਿੱਚ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੰਦੀ।

ਤੀਨਿ ਤਿਲੋਕ ਸਮਾਧਿ ਪਲੋਵੈ ॥

ਤਿੰਨੇ ਖੰਡ ਉਸ ਅਡੋਲ ਅਵਸਥਾ ਵਿਚ ਲੀਨ ਹੋ ਜਾਂਦੇ ਹਨ। ਇਹ ਭਾਵ ਉਸ ਚੇਤਨ ਅਵਸਥਾ ਨੂੰ ਦਰਸਾਉਂਦਾ ਹੈ ਜਿਸ ਵਿਚ ਤਨ, ਮਨ ਅਤੇ ਅਤੇ ਅੰਤਰ-ਆਤਮਾ ਸਦਭਾਵਨਾਪੂਰਨ ਸਰਬਵਿਆਪੀ ਚੇਤਨਾ ਨਾਲ ਜੁੜ ਜਾਂਦੇ ਹਨ ਜੋ ਅਨੁਭਵ ਦੇ ਹਰ ਪੱਖ ਨੂੰ ਆਪਣੇ ਅੰਦਰ ਸਮੇਟ ਲੈਂਦੀ ਹੈ।

ਬੀਜ ਮੰਤ੍ਰ ਲੈ ਹਿਰਦੈ ਰਹੈ ॥

ਇਹ ਚੇਤਨਾ ਦਾ ਬੀਜ ਬੀਜ਼ ਇਸ ਨੂੰ ਸਵੀਕਾਰ ਕਰਦੀ ਹੋਈ ਅਤੇ ਹਿਰਦੇ ਵਿਚ ਸੰਭਾਲ ਕੇ ਰੱਖਦੀ ਹੈ। ਇਹ ਭਾਵ “ਮੰਤਰ” ਨੂੰ ਅੰਤਰ-ਆਤਮਾ ਦੇ ਇਕ ਅਜਿਹੇ ਸਾਧਨ ਵਜੋਂ ਪੇਸ਼ ਕਰਦਾ ਹੈ ਜੋ ਧਿਆਨ ਨੂੰ ਉਸਦੇ ਮੂਲ ਤੱਤ ਨਾਲ ਜੋੜਦਾ ਅਤੇ ਪਾਲਦਾ ਹੈ।

ਮਨੂਆ ਉਲਟਿ ਸੁੰਨ ਮਹਿ ਗਹੈ ॥੫॥

ਚੰਚਲ ਮਨ ਅੰਦਰ ਵੱਲ ਮੁੜ ਕੇ ਸ਼ਾਂਤ ਅਤੇ ਅਡੋਲ ਅਵਸਥਾ ਵਿਚ ਟਿਕ ਜਾਂਦਾ ਹੈ। ਇਹ ਭਾਵ ਬਾਹਰੀ ਭਟਕਣਾਂ ਤੋਂ ਅੰਤਰੀਵੀ ਸ਼ਾਂਤੀ ਵੱਲ ਹੋਣ ਵਾਲੇ ਰੁਪਾਂਤ੍ਰਣ ਨੂੰ ਦਰਸਾਉਂਦਾ ਹੈ, ਜਿੱਥੇ ਮਨ ਅਹੰਕਾਰ, ਇੱਛਾਵਾਂ ਅਤੇ ਦਵੈਤ ਦੇ ਰੋਲੇ-ਰੱਪੇ ਤੋਂ ਮੁਕਤ ਹੋ ਜਾਂਦਾ ਹੈ। (੫)

ਜਾਗਤੁ ਰਹੈ ਨ ਅਲੀਆ ਭਾਖੈ ॥

ਜਾਗਰੂਕਤਾ ਦੇ ਧਾਰਨੀ ਹੋਣ ਨਾਲ ਅਸੀਂ ਕੌੜੇ ਬਚਨ ਬੋਲਣ ਤੋਂ ਪ੍ਰਹੇਜ਼ ਕਰਦੇ ਹਾਂ। ਇਹ ਚੁਪ ਸੁਚੇਤਤਾ ਦੀ ਸੂਝ ਵਿਚੋਂ ਉਤਪੰਨ ਹੁੰਦੀ ਹੈ, ਜਿੱਥੇ ਵਿਅਰਥ ਬੋਲਣ ਅਤੇ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਪ੍ਰਵਿਰਤੀ ਹੌਲੀ-ਹੌਲੀ ਖ਼ਤਮ ਹੋ ਜਾਂਦੀ ਹੈ।

ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥

ਪੰਜੇ ਇੰਦ੍ਰੀਆਂ ਨੂੰ ਸੁਚੇਤ ਸੰਯਮ ਨਾਲ ਕਾਬੂ ਵਿਚ ਰੱਖਿਆ ਜਾਂਦਾ ਹੈ। ਇਹ ਭਾਵ ਆਵੇਗਪੂਰਨ ਅਤੇ ਪ੍ਰਤੀਕਿਰਿਆਤਮਕ ਰੁਝਾਨਾਂ ਉੱਤੇ ਕਾਬੂ ਪਾਉਣ ਦੀ ਮੁਹਾਰਤ ਦਾ ਸੰਕੇਤ ਹੈ।

ਗੁਰ ਕੀ ਸਾਖੀ ਰਾਖੈ ਚੀਤਿ ॥

ਅੰਤਰ-ਦ੍ਰਿਸ਼ਟੀ ਦੀ ਗਵਾਹੀ ਅੰਤਰ-ਆਤਮਾ ਵਿਚ ਨਹਿਤ ਹੁੰਦੀ ਹੈ। ਇਹ ਸਵੀਕਾਰਤਾ ਉਸ ਸਰਬਵਿਆਪਕ ਮਾਰਗਦਰਸ਼ਨ ਪ੍ਰਤੀ ਸੁਚੇਤ ਸਮਰਪਣ ਨੂੰ ਦਰਸਾਉਂਦੀ ਹੈ, ਜਿਸਨੇ ਹਰ ਪਾਸੇ ਤੋਂ ਸਾਨੂੰ ਘੇਰਿਆ ਹੋਇਆ ਹੈ।

ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥

ਮਨ ਅਤੇ ਸਰੀਰ ਦੈਵੀਤਵ ਦੇ ਪਿਆਰ ਵਿਚ ਇਕਸੁਰ ਹੋ ਜਾਂਦੇ ਹਨ। ਇਹ ਭਾਵ ਉਸ ਸਦਭਾਵਨਾ ਪੂਰਨ ਅਵਸਥਾ ਵੱਲ ਸੰਕੇਤ ਕਰਦਾ ਹੈ ਜਿਸ ਵਿਚ ਸਰਬ-ਵਿਆਪਕ ਭਲਾਈ ਦੀ ਭਾਵਨਾ ਸਾਡੇ ਅੰਦਰ ਗੂੰਜਦੀ ਹੈ। (੬)

ਕਰ ਪਲਵ ਸਾਖਾ ਬੀਚਾਰੇ ॥

ਹਰੇਕ ਪੱਤੇ ਅਤੇ ਟਾਹਣੀ ਦਾ ਇਕਾਗਰਤਾ ਨਾਲ ਚਿੰਤਨ ਕਰਨਾ। ਇਹ ਭਾਵ ਸੋਚ-ਸਮਝ ਕੇ ਸਾਡੇ ਕਰਮਾਂ ਅਤੇ ਵਿਧੀਆਂ ਦਾ ਨਿਰੀਖਣ ਕਰਨ ਬਾਰੇ ਦਰਸਾਉਂਦਾ ਹੈ।

ਅਪਨਾ ਜਨਮੁ ਨ ਜੂਐ ਹਾਰੇ ॥

ਆਪਣਾ ਵਜੂਦ ਜੂਏ ਵਿਚ ਨਹੀਂ ਹਾਰਿਆ। ਇਹ ਭਾਵ ਉਦੇਸ਼ ਕੇਂਦ੍ਰਿਤ ਜੀਵਨ ਜੀਉਣ ਦੀ ਸੂਝ ਦਿੰਦਾ ਹੈ, ਜਿਸਨੂੰ ਅਚੇਤ ਹੋ ਕੇ ਬਰਬਾਦ ਨਹੀਂ ਕੀਤਾ ਜਾਂਦਾ।

ਅਸੁਰ ਨਦੀ ਕਾ ਬੰਧੈ ਮੂਲੁ ॥

ਨਕਾਰਾਤਮਕ ਪ੍ਰਵਿਰਤੀਆਂ ਦੀ ਘੁੰਮਣ-ਘੇਰੀ ਭਰਿਆ ਵਹਾਅ ਆਪਣੇ ਮੂਲ ਸਰੋਤ ਤੋਂ ਹੀ ਵਾਂਝਾ ਰੱਖਦਾ ਹੈ। ਇਹ ਭਾਵ ਉਸ ਸਵੈ ਸੰਜਮ ਅੰਤਰੀਵੀ ਬੇਚੈਨੀ ਅਤੇ ਆਵੇਗ ਨੂੰ ਜਾਂਚਣ, ਪਰਖਣ ਅਤੇ ਸੰਬੋਧਿਤ ਹੋਣ ਬਾਰੇ ਕੀਤੇ ਜਾਣ ਵਾਲੇ ਉਦਮ ਬਾਰੇ ਦਰਸਾਉਂਦਾ ਹੈ

ਪਛਿਮ ਫੇਰਿ ਚੜਾਵੈ ਸੂਰੁ ॥

ਸੂਰਜ ਪੱਛਮ ਵੱਲ ਪਾਸੇ ਜਾ ਉੱਗਿਆ ਹੈ। ਇਹ ਰੁਪਾਂਤ੍ਰਣ ਸਾਡੀਆਂ ਵਿਨਾਸ਼ਕਾਰੀ ਅਤੇ ਸੰਸਕਾਰਬੱਧ ਆਦਤਾਂ ਦੇ ਉਲਟਾਅ ਦਾ ਪ੍ਰਤੀਕ ਹੈ, ਜੋ ਮਨੁੱਖ ਨੂੰ ਵਧੇਰੇ ਚੇਤਨਾ, ਸੂਝ-ਬੂਝ ਅਤੇ ਜਾਗ੍ਰਿਤੀ ਵੱਲ ਲੈ ਜਾਂਦਾ ਹੈ।

ਅਜਰੁ ਜਰੈ ਸੁ ਨਿਝਰੁ ਝਰੈ ॥

ਜੋ ਅਸਹਿਣਯੋਗ ਨੂੰ ਸਹਾਰ ਲੈਂਦੇ ਹਨ, ਉਹ ਨਿਰੰਤਰ ਅੰਮ੍ਰਿਤਮਈ ਰਸ ਦਾ ਅਨੁਭਵ ਕਰਦੇ ਹਨ। ਇਹ ਭਾਵ ਉਸ ਅਨੰਦਮਈ ਅਵਸਥਾ ਦਾ ਪ੍ਰਤੀਕ ਹੈ ਜੋ ਤਦ ਉੱਭਰਦੀ ਹੈ ਜਦੋਂ ਅੰਤਰਆਤਮਾ ਇੱਛਾਵਾਂ, ਕ੍ਰੋਧ ਅਤੇ ਹਉਮੈ ਦੀਆਂ ਪ੍ਰਬਲ ਸ਼ਕਤੀਆਂ ਦਾ ਸਾਹਮਣਾ ਕਰਕੇ ਉਨ੍ਹਾਂ ਤੋਂ ਉੱਪਰ ਉੱਠ ਜਾਂਦੀ ਹੈ।

ਜਗੰਨਾਥ ਸਿਉ ਗੋਸਟਿ ਕਰੈ ॥੭॥

ਸਰਬ-ਵਿਆਪਕ ਚੇਤਨਾ ਨਾਲ ਇਕ ਸੰਵਾਦ ਰਚਾਇਆ। ਇਹ ਭਾਵ ਸ੍ਰਿਸ਼ਟੀ ਦੇ ਮੂਲ ਤੱਤ ਨਾਲ ਇੱਕ ਗੂੜ੍ਹ, ਅੰਤਰਮੁਖੀ ਅਤੇ ਆਤਮਿਕ ਮਿਲਾਪ ਦਾ ਪ੍ਰਤੀਕ ਹੈ। (੭)

ਚਉਮੁਖ ਦੀਵਾ ਜੋਤਿ ਦੁਆਰ ॥

ਚਾਰ-ਮੁਖੀ ਦੀਵਾ ਦੁਆਰ ਲਈ ਪ੍ਰਕਾਸ਼ ਬਣਦਾ ਹੈ। ਇਹ ਦ੍ਰਿਸ਼ਟਾਂਤ ਉਸ ਚੇਤਨਾ ਦਾ ਪ੍ਰਤੀਕ ਹੈ ਜੋ ਹਰ ਪਾਸੇ ਪ੍ਰਕਾਸ਼ ਫੈਲਾਉਂਦੀ ਹੈ; ਵਿਚਾਰ, ਭਾਵਨਾ, ਬੋਲ ਅਤੇ ਕਰਮ ਸਾਰੇ ਇਕੋ ਜਿਹੀ ਅੰਤਰੀਵੀ ਸਪਸ਼ਟਤਾ ਦਾ ਰੂਪ ਹੋ ਜਾਂਦੇ ਹਨ।

ਪਲੂ ਅਨਤ ਮੂਲੁ ਬਿਚਕਾਰਿ ॥

ਅਨੇਕਾਂ ਪੰਖੜੀਆਂ ਇਕ ਕੇਂਦਰੀ ਸਰੋਤ ਤੋਂ ਫੈਲਦੀਆਂ ਹਨ। ਇਹ ਭਾਵ ਉਸ ਸੱਚਾਈ ਨੂੰ ਦਰਸਾਉਂਦਾ ਹੈ ਕਿ ਸਮੂਹਿਕ ਹੋਂਦ ਦਾ ਮੂਲ ਆਧਾਰ ਇਕ ਹੀ ਹੈ, ਅਤੇ ਸਮੁੱਚੀ ਵੰਨ-ਸੁਵੰਨਤਾ ਉਸੇ ਏਕਮਤਾ ਵਿਚੋਂ ਪ੍ਰਗਟ ਹੁੰਦੀ ਹੈ।

ਸਰਬ ਕਲਾ ਲੇ ਆਪੇ ਰਹੈ ॥

ਹਰ ਸਮਰੱਥਾ ਸਾਡੇ ਅੰਦਰ ਹੀ ਵੱਸਦੀ ਹੈ। ਇਹ ਭਾਵ ਸਾਡੀ ਜਨਮਜਾਤ ਸੰਪੂਰਨਤਾ ਅਤੇ ਉਸ ਅਸੀਮ ਸੰਭਾਵਨਾ ਨੂੰ ਉਜਾਗਰ ਕਰਦਾ ਹੈ ਜੋ ਸਾਡੇ ਅਸਲ ਸਰੂਪ ਦਾ ਮੂਲ ਗੁਣ ਹੈ।

ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥

ਮਨ ਚਮਕਦਾਰ ਰਤਨ ਵਾਂਗ ਆਪਣੀ ਹੀ ਅੰਤਰੀਵੀ ਜੋਤ ਨਾਲ ਪ੍ਰਕਾਸ਼ਮਾਨ ਹੁੰਦਾ ਹੈ। ਸਵੈ-ਨਿਰਭਰਤਾ ਦਾ ਇਹ ਰੂਪ ਗਿਆਨ ਪ੍ਰਾਪਤ ਕਰਨ ਦੀ ਸਾਡੀ ਸੰਭਾਵਨਾ ਨੂੰ ਦਰਸਾਉਂਦਾ ਹੈ। (੮)

ਮਸਤਕਿ ਪਦਮੁ ਦੁਆਲੈ ਮਣੀ ॥

ਮੱਥੇ 'ਤੇ ਖਿੜਦਾ ਕਮਲ ਗਹਿਣਿਆਂ ਨਾਲ ਸ਼ਿੰਗਾਰਿਆ ਹੋਇਆ ਹੈ। ਕਮਲ ਜਾਗਦੇ ਅੰਤਹਕਰਣ ਭਾਵ ਮੱਥੇ ਦੀ ਸੂਝ ਦਾ ਪ੍ਰਤੀਕ ਹੈ, ਅਤੇ ਹਾਰ ਸ਼ਿੰਗਾਰ ਜਾਗ੍ਰਿਤ ਅੰਤਰੀਵੀ ਗੁਣਾਂ ਅਤੇ ਨੇਕ ਮਨੋਬਿਰਤੀ ਨੂੰ ਦਰਸਾਉਂਦਾ ਹੈ।

ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥

ਇਸ ਪਵਿੱਤਰ ਅਵਸਥਾ ਦੇ ਅੰਦਰ ਤਿੰਨਾਂ ਹੀ ਖੰਡਾਂ ਦਾ ਤੱਤਸਾਰ ਵੱਸਦਾ ਹੈ। ਭਾਵੇਂ ਜੀਵਨ ਅਣਗਿਣਤ ਅਨੁਭਵਾਂ ਵਿਚੋਂ ਲੰਘਦਾ ਹੈ, ਇਹ ਭਾਵ ਭਰਮਾਂ ਤੋਂ ਅਛੂਤ ਜਾਗਰੂਕਤਾ ਦੀ ਅਵਸਥਾ ਨੂੰ ਪੇਸ਼ ਕਰਦਾ ਹੈ।

ਪੰਚ ਸਬਦ ਨਿਰਮਾਇਲ ਬਾਜੇ ॥

ਪੰਜ ਧੁਨੀਆਂ ਸਪਸ਼ਟਤਾ ਨਾਲ ਗੂੰਜਦੀਆਂ ਹਨ। ਇਹ ਭਾਵ ਸਾਡੇ ਅੰਤਰੀਵੀ ਤੱਤਾਂ ਦੇ ਸੰਤੁਲਨ ਨੂੰ ਦਰਸਾਉਂਦਾ ਹੈ, ਜਿਸ ਵਿਚ ਧਰਤੀ ਸਥਿਰਤਾ ਦੀ ਪ੍ਰਤੀਕ ਹੈ, ਜਲ ਤਰਲਤਾ ਦਾ, ਅੱਗ ਰੁਪਾਂਤ੍ਰਣ ਦਾ, ਹਵਾ ਸੰਚਾਰ ਅਤੇ ਗਤੀ ਦਾ, ਅਤੇ ਆਕਾਸ਼ ਅੰਤਰਆਤਮਾ ਅਤੇ ਚੇਤਨਾ ਦਾ ਪ੍ਰਤੀਕ ਹੈ।

ਢੁਲਕੇ ਚਵਰ ਸੰਖ ਘਨ ਗਾਜੇ ॥

ਚੌਰ ਝੂਲਦਾ ਹੈ ਅਤੇ ਸ਼ੰਖ ਦੀ ਧੁਨੀ ਸੁਰਮਈ ਨਾਦ ਛੇੜਦੀ ਹੈ। ਦ੍ਰਿਸ਼ਟਾਂਤਿਕ ’ਤੇ ਇਹ ਭਾਵ ਅੰਤਰੀਵੀ ਜਾਗਰਣ ਦੇ ਉਤਸਵਮਈ ਅਨੁਭਵ ਨੂੰ ਦਰਸਾਉਂਦਾ ਹੈ, ਜਿਸ ਵਿਚ ਮਨ ਨਿਰੰਤਰ ਜਸ਼ਨ ਮਾਣਦਾ ਹੋਇਆ ਮੁੜ ਜਾਗ੍ਰਿਤ ਹੁੰਦਾ ਹੈ।

ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥

ਜਾਗਰੂਕਤਾ ਵੱਲ ਕੇਂਦ੍ਰਿਤ ਅੰਤਰਆਤਮਾ ਦੁਆਰਾ ਅੰਦਰਲੇ ਦੈਂਤਾਂ ਨੂੰ ਮਿੱਧ ਦਿੱਤਾ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਕਿਵੇਂ ਅੰਤਰੀਵੀ ਨਕਾਰਮਕਤਾ ਦੂਰ ਹੋ ਜਾਂਦੀ ਹੈ ਬਿਬੇਕ ਅਗਿਆਨਤਾ ਨੂੰ ਖਤਮ ਕਰ ਦਿੰਦਾ ਹੈ।

ਬੇਣੀ ਜਾਚੈ ਤੇਰਾ ਨਾਮੁ ॥੯॥੧॥

ਬੇਣੀ ਕਹਿੰਦੇ ਹਨ ਕਿ ਉਹ ਸਰਬ-ਵਿਆਪਕ ਚੇਤਨਾ ਦੇ ਚਿੰਤਨ ਦੀ ਜਾਚਨਾ ਕਰਦੇ ਹਨ। ਇਹ ਭਾਵ ਬਾਹਰੀ ਪੇਚਦੀਗੀਆਂ ਦੀ ਨਿਸ਼ਾਨਦੇਹੀ ਕਰਨ ਤੋਂ ਬਾਅਦ, ਆਤਮ-ਚਿੰਤਨ ਦੀ ਸਾਦਗੀ ਨੂੰ ਸਵਿਕਾਰਦਾ ਹੈ, ਇਸ ਤਰ੍ਹਾਂ ਜਾਗ੍ਰਿਤ ਹਾਜ਼ਰਤਾ ਦਾ ਪ੍ਰਗਟਾਵ ਹੁੰਦਾ ਹੈ। (੯)(੧)

ਤੱਤ: ਭਗਤ ਬੇਣੀ ਕੁਦਰਤ ਦੀਆਂ ਪੰਜ ਧੁਨੀਆਂ ਦਾ ਪ੍ਰਯੋਗ ਬੜੀ ਕਲਾ ਅਤੇ ਸੁਹਿਦਰਤਾ ਨਾਲ ਕਰਦੇ ਹੋਏ ਸਾਡੇ ਮੂਲ ਤੱਤਾਂ ਦੇ ਸਦਭਾਵਨਾ ਪੂਰਨ ਸੰਤੁਲਨ ਨੂੰ ਦਰਸਾਉਂਦੇ ਹਨ, ਜੋ ਸਾਨੂੰ ਸਰਵਉਚ ਸਹਿਜਤਾ ਵੱਲ ਪ੍ਰੇਰਿਤ ਕਰਦਾ ਹੈ। ਧਰਤੀ ਸਥਿਰਤਾ ਅਤੇ ਜੜਾਂ ਨਾਲ ਜੁੜੇ ਰਹਿਣ ਦੀ ਪ੍ਰਤੀਕ ਹੈ, ਜੋ ਜੀਵਨ ਲਈ ਇਕ ਮਜ਼ਬੂਤ ਅਧਾਰ ਪ੍ਰਦਾਨ ਕਰਦੀ ਹੈ। ਜਲ ਤਰਲਤਾ ਅਤੇ ਅਨੁਕੂਲਤਾ ਦਾ ਪ੍ਰਤੀਕ ਹੈ, ਜੋ ਜੀਵਨ ਦੀ ਯਾਤਰਾ ਵਿਚ ਅੱਗੇ ਵਧਣ ਲਈ ਜ਼ਰੂਰੀ ਗੁਣ ਹਨ। ਅੱਗ ਰੁਪਾਂਤ੍ਰਣ ਅਤੇ ਉਤਸ਼ਾਹ ਨੂੰ ਦਰਸਾਉਂਦੀ ਹੈ, ਜੋ ਡੂੰਘੇ ਬਦਲਾਅ ਅਤੇ ਵਿਕਾਸ ਨੂੰ ਪ੍ਰੇਰਿਤ ਕਰਦੀ ਹੈ। ਹਵਾ ਸੰਚਾਰ ਦੀ ਪ੍ਰਤੀਕ ਹੈ, ਜੋ ਸੰਬੰਧਾਂ ਅਤੇ ਅਰਥਪੂਰਨ ਸੰਵਾਦ ਨੂੰ ਉਤਸ਼ਾਹਿਤ ਕਰਦੀ ਹੈ। ਅੰਤ ਵਿਚ, ਅਕਾਸ਼ ਚੇਤਨਾ ਦਾ ਪ੍ਰਤੀਕ ਹੈ, ਜੋ ਸਾਡੀ ਜਾਗਰੂਕਤਾ ਅਤੇ ਸੂਝ ਦਾ ਕੇਂਦਰ ਹੈ ਅਤੇ ਸਾਨੂੰ ਆਪਣੇ ਅਸਤਿਤਵ ਦੀਆਂ ਗਹਿਰਾਈਆਂ ਨੂੰ ਖੋਜਣ ਲਈ ਸੱਦਾ ਦਿੰਦਾ ਹੈ। ਇਨ੍ਹਾਂ ਤੱਤਾਂ ਨੂੰ ਅਪਣਾਉਣ ਨਾਲ ਜੀਵਨ ਵਿਚ ਵਧੇਰੇ ਸੰਤੁਲਨ, ਪੂਰਨਤਾ ਅਤੇ ਅੰਤਰੀਵੀ ਤ੍ਰਿਪਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**